ਅੰਮ੍ਰਿਤ ਸੰਚਾਰ ਸਮੇਂ ਦੇਗਾਂ ਦਾ ਦਰਗਾਹੀ ਦਰਬਾਰ:

ਅੰਮ੍ਰਿਤ ਸੰਚਾਰ ਸਮੇਂ ਦੋ ਦਰਬਾਰ ਸਜਦੇ ਨੇ; ਪਹਿਲਾ ਅੰਦਰ, ਸਤਿਗੁਰਾਂ ਦੀ ਹਜ਼ੂਰੀ ਵਿੱਚ ਅਤੇ ਦੂਜਾ ਬਾਹਰ ਜਿੱਥੇ ਦੇਗਾਂ ਸਜਣੀਆਂ ਹੁੰਦੀਆਂ ਨੇ। ਆਓ ਆਪਾਂ ਆਪਣੀ ਸੁਰਤ ਨੂੰ ਦੇਗਾਂ ਦੇ ਦਰਬਾਰ ਵਿੱਚ ਲੈ ਕੇ ਚੱਲੀਏ:

ਬੋਲੋ ਵਾਹਿਗੁਰੂ। ਫਿਰ ਬੋਲੋ: ਵਾਹਿਗੁਰੂ। ਪਿਆਰਿਓ ਇਹ ਨਾਮ ਅੰਮ੍ਰਿਤ ਹੈ। ਜਿਹੜਾ ਛਕਦਾ ਹੈ: ਓਹਦਾ ਵੀ ਮੁੱਖ ਮਿਠਾਸ ਨਾਲ ਭਰ ਜਾਂਦਾ ਹੈ। ਜਲ, ਮਿੱਠਾ, ਆਟਾ, ਘਿਓ ਅਤੇ ਅੱਗ ਪੰਜੇ ਮਿਲਕੇ ਬਣਾਉਂਦੇ ਨੇ: ਦੇਗ। ਜਿੱਥੇ ਦੇਗ ਤਿਆਰ ਕਰਨੀ ਹੁੰਦੀ ਹੈ, ਜਦੋਂ ਓਥੇ ਕੜਾਹੀ, ਖੁਰਚਣਾ, ਜਲ, ਮਿੱਠਾ, ਘਿਓ, ਆਟਾ, ਮਲਮਲ ਦਾ ਕੱਪੜਾ ਆਦਿ ਪਿਆ ਵੇਖਦੇ ਹਾਂ ਤਾਂ ਇੰਜ ਲਗਦਾ ਹੈ, ਇਹ ਦੇਗਾਂ ਦਾ ਦਰਗਾਹੀ ਦਰਬਾਰ ਸਜ ਚੁੱਕਾ ਹੈ।

ਪਿਆਰਿਓ ਦੇਗ, ਦੇਗ ਹੀ ਨਹੀਂ ਪੰਜਾਂ ਤੱਤਾਂ ਦਾ ਗੁੱਛਾ ਹੈ, ਜਾਂ ਕਹਿ ਲਈਏ ਕਿ ਇਹ ਪੰਜ ਮਹਾਨ ਭਗਤਾਂ ਦਾ ਜੱਥਾ ਹੈ; ਜਿਹੜਾ ਬਾਜਾਂ ਵਾਲੇ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਤਰਲੇ ਪਾਉਂਦਾ ਹੈ। ਸਭ ਤੋਂ ਪਹਿਲਾਂ **ਜਲ ਸਤਿਗੁਰਾਂ ਅੱਗੇ ਹੱਥ ਜੋੜਦਾ ਹੈ**:

ਦਸ਼ਮੇਸ਼ ਪਿਤਾ ਜੀਓ, ਪਤਾ ਹੀ ਨਹੀਂ ਕਿੰਨੇ ਕੁ ਜਨਮ ਹੋ ਗਏ ਵਹਿੰਦੇ ਨੂੰ। ਕਦੇ ਕਿੱਥੇ ਵਗਿਆ। ਕਦੇ ਕਿੱਥੇ। ਗੰਦੇ ਨਾਲ਼ਿਆਂ ਵਿੱਚ ਰੁਲ਼ਿਆ, ਮੈਂ ਤਾਂ ਆਪ ਗੰਦਾ ਹਾਂ, ਮੈਲ਼ਾ ਹਾਂ। ਹੇ ਦਾਤਾਰ ਜੀ ਅੱਜ ਤੁਸੀਂ ਖਾਲਸਾ ਸਜਾਉਣ ਲਈ ਆਪਣੇ ਸੇਵਕਾਂ ਨੂੰ ਦੇਗਾਂ ਸਜਾਉਣ ਦੀ ਸੇਵਾ ਲਗਾਈ ਹੈ। ਆਪਣੇ ਸੇਵਕਾਂ ਨੂੰ ਹੁਕਮ ਕਰੋ ਕਿ ਉਹ ਮੈਨੂੰ ਦੇਗ ਦਾ ਜਲ ਬਣਾ ਲੈਣ। ਮੈਨੂੰ ਅੱਗ ’ਤੇ ਉਬਾਲਕੇ, ਜਪੁਜੀ ਸਾਹਿਬ ਦੀ ਬਾਣੀ ਨਾਲ ਪ੍ਰਸਾਦਿ ਬਣਾ ਲਵੋ। ਦਾਤਾ ਜੀਓ ਮੈਨੂੰ ਕੜਾਹੀ ਵਿੱਚ ਉਬਲਣ ਦਾ ਹੁਕਮ ਬਖਸ਼ੋ, ਮੈਂ ਤਿਆਰ ਬਰ ਤਿਆਰ ਹਾਂ।

ਗੁਰਮੁਖੋ; ਆਪਾਂ ਵੀ ਜਲ ਵਾਂਗ ਹਰ ਵਕਤ, ਹਰ ਸਮੇਂ, ਹਰ ਤਰ੍ਹਾਂ ਦੇ ਮਾਹੌਲ ਵਿੱਚ ਸੰਗਤ ਅਤੇ ਸਤਿਗੁਰਾਂ ਦੀ ਸੇਵਾ ਲਈ ਸਦਾ ਤਿਆਰ-ਬਰ-ਤਿਆਰ ਰਹਿਣਾ ਹੈ ਜੀ। ਆਪਾਂ ਤਾਂ ਸਦਾ ਬੋਲਦੇ ਰਹੀਏ:

ਧੰਨ ਸ੍ਰੀ ਅਕਾਲ ਪੁਰਖ ਵਾਹਿਗੁਰੂ।
ਧੰਨ ਦਸਮੇਸ਼ ਪਿਤਾ ਜੀ।
ਧੰਨ ਅੰਮ੍ਰਿਤ ਸੰਚਾਰ।
ਧੰਨ ਉਹ ਜਲ, ਜਿਹੜਾ ਆਪਣੇ ਆਪ ਨੂੰ ਉਬਾਲਕੇ ਜੀਆਂ ਦੇ ਮੁੱਖ ਵਿੱਚ ਪ੍ਰਸਾਦਿ ਬਣਨ ਨੂੰ ਤਿਆਰ ਹੈ। ਧੰਨ ਉਹ ਸੇਵਾਦਾਰ, ਜਿਹੜੇ ਦੇਗਾਂ ਸਜਾਉਂਦੇ ਨੇ।

-0-

ਜਲ ਤੋਂ ਬਾਅਦ ਖੰਡ ਸਤਿਗੁਰਾਂ ਪਾਸ ਬੇਨਤੀ ਕਰਦੀ ਹੈ :

ਦਸਮੇਸ਼ ਪਿਤਾ ਜੀਓ ਮੈਂ ਗੰਨੇ ਵਿੱਚੋਂ ਨਿੱਕਲੀ ਹੋਈ ਚਿੱਟੀ ਖੰਡ ਹਾਂ। ਮੈਂ ਐਵੇਂ ਹੀ ਚਿੱਟੀ ਨਹੀਂ ਹੋਈ, ਮੈਨੂੰ ਕੁੱਟ-ਕੁੱਟ ਕੇ, ਮੇਰੇ ਨਿੱਕੇ ਨਿੱਕੇ ਟੋਟੇ ਕਰਕੇ, ਪਤਾ ਹੀ ਨਹੀਂ ਕਿੰਨੀ ਕੁ ਵਾਰ ਅੱਗ 'ਤੇ ਉਬਾਲਿਆ ਗਿਆ; ਤਾਂ ਚਿੱਟੀ ਹੋਈ ਆਂ। ਦਾਤਾਰ ਪਿਤਾ ਜੀਓ ਮੇਰੇ 'ਤੇ ਬੜੇ ਕੌੜੇ ਵਖਤ ਬੜੇ ਆਏ, ਪਰ ਕੌੜੇ ਵਖਤਾਂ ਅੰਦਰ ਵੀ, ਤੁਸਾਂ ਦੀ ਮਿੱਠੀ ਨਦਰਿ ਨੇ, ਮੇਰੇ ਅੰਦਰੋਂ ਮਿਠਾਸ ਤਾਂ ਨਹੀਂ ਜਾਣ ਦਿੱਤੀ, ਕਿਉਂਕਿ ਤੁਸਾਂ ਨੇ ਮੈਨੂੰ ਦੇਗ ਵਿੱਚ ਘੁਲ਼ਣ ਦਾ ਸੁਭਾਗ ਬਖਸ਼ਣਾ ਸੀ। ਕਰੋ ਕ੍ਰਿਪਾ ਦਾਤਾ ਜੀਓ ਹੁਣ ਮੈਨੂੰ ਫਿਰ ਅੱਗ ਵਿੱਚ ਤਪਕੇ ਦੇਗ ਵਿੱਚ ਘੁਲ਼ਣ ਦੀ ਆਗਿਆ ਬਖਸ਼ੋ। ਮੇਰੇ ਅੰਦਰ ਅਜੇ ਵੀ ਸੂਖਮ ਜਿਹੀ ਹਾਓਮੈ ਹੈ ਕਿ ਮੈਂ ਮਿੱਠੀ ਹਾਂ; ਪਾਤਸ਼ਾਹ ਜੀਓ ਮੇਰੀ ਇਸ ਸੂਖਮ ਹਾਓਮੈ ਨੂੰ ਉਬਲਦੇ ਪਾਣੀ ਵਿੱਚ ਉਬਾਲ ਕੇ ਖਤਮ ਕਰ ਦਿਓ ਤੇ ਫਿੱਕੇ ਜਲ ਨੂੰ ਮਿੱਠਾ ਕਰ ਦਿਓ।

ਮੇਰੇ ਅੰਦਰੋਂ ਸਾਰੀ ਮੈਂ ਮੇਰੀ ਦੀ ਮਿਠਾਸ ਖਤਮ ਕਰੇ, ਇਸ ਦੇਗ ਅੰਦਰ ਭਰ ਦਿਓ ਤਾਂ ਕਿ ਜਿਹੜਾ ਵੀ ਸਰੀਰ ਦੇਗ ਛਕੇ, ਓਹਦਾ ਅੰਦਰ ਮਿਠਾਸ ਨਾਲ ਭਰ ਜਾਵੇ। ਜਿਹੜਾ ਵੀ ਛਕੇ

ਓਹ ਵਾਹਿਗੁਰੂ ਵਾਹਿਗੁਰੂ ਜਪਦਾ ਹੀ ਰਹੇ। ਦਾਤਾ ਜੀਓ ਜਿਹੜਾ ਵੀ ਦੇਗ ਛਕੇ, ਓਹਦੇ ਬੋਲਾਂ ਦੀ ਕੁੜੱਤਣ ਖਤਮ ਹੋ ਜਾਵੇ।

ਆਪਾਂ ਤਾਂ ਪਿਆਰਿਓ ਇੰਨਾ ਹੀ ਕਹਿ ਸਕਦੇ ਹਾਂ:

ਧੰਨ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ, ਜਿਹਨਾਂ ਖੰਡ ਬਣਾਈ।

ਧੰਨ ਖੰਡ ਦੀ ਤਪੱਸਿਆ। ਧੰਨ ਖੰਡ ਦਾ ਜਿਗਰਾ।

ਧੰਨ ਹੈ ਪਿਆਰਿਓ ਧੰਨ ਹੈ ਖੰਡ ਦੀ ਉਹ ਨਿਮਰਤਾ, ਜਿਹੜੀ ਕਹਿੰਦੀ: ਦਾਤਾ ਜੀਓ ਮੇਰੇ ਅੰਦਰ ਅਜੇ ਸੂਖਮ ਹਾਓਮੈ ਹੈ ਕਿ ਮੈਂ ਮਿੱਠੀ ਹਾਂ। ਮੈਨੂੰ ਜਲ ਵਿੱਚ ਉਬਾਲਕੇ, ਮੇਰੇ ਅੰਦਰੋਂ ਇਹ ਸੂਖਮ ਮੈਂ ਮਿੱਠੀ ਹਾਂ, ਇਹ ਹਾਓਮੈ ਵੀ ਖਤਮ ਕਰ ਦਿਓ।

ਗੁਰਮੁਖੋ ਆਪਾਂ ਵੀ ਆਪਣੇ ਹਿਰਦੇ ਨੂੰ ਇੰਜ ਸੂਖਮ ਤੋਂ ਸੂਖਮ ਮੈਂ ਮੇਰੀ ਤੋਂ ਬਚਾ ਕੇ ਰੱਖਣਾ ਹੈ। ਕਦੇ ਵੀ ਉਦਾਸੀਆਂ ਦੀ, ਗਮੀਆਂ ਦੀ, ਦੁਨਿਆਵੀ ਹਾਸਿਆਂ ਦੀ, ਦੁਨਿਆਵੀ ਝਗੜਿਆਂ ਦੀ ਅੱਗ ਵਿੱਚ ਤਪਾ ਕੇ, ਸੇਵਾ ਰੂਪੀ ਮਿਠਾਸ ਆਪਣੇ ਅੰਦਰੋਂ ਖਤਮ ਨਹੀਂ ਹੋਣ ਦੇਣੀ। ਸ੍ਰੀ ਅਕਾਲ ਪੁਰਖ ਜੀਆਂ ਨੇ ਜਿਹੜੀ ਸੇਵਾ ਬਖਸ਼ੀ ਹੈ, ਉਹ ਕੋਈ ਆਮ ਨਹੀਂ। ਸੰਭਲ ਜਾਈਏ, ਸੰਭਲ ਜਾਈਏ। ਜਿੰਨਾ ਸਮਾਂ ਗੁਆਉਣਾ ਸੀ, ਗੁਆ ਲਿਆ, ਆਓ ਹੁਣ ਆਪਾਂ ਸੰਭਲ ਸੰਭਲ ਕੇ ਕਦਮ ਰੱਖੀਏ ਅਤੇ ਡਟਕੇ ਸੇਵਾ ਕਰੀਏ।

ਭਾਵਨਾ ਵਾਲੀ ਨਿਗ੍ਹਾ: ਦੇਗਾਂ ਸਜਾਉਣ ਲਈ ਦਰਬਾਰ ਸਜਿਆ ਹੋਇਆ ਹੈ। ਇਸ ਦਰਬਾਰ ਅੰਦਰ ਜਦੋਂ ਜਲ ਅਤੇ ਖੰਡ ਸਾਹਿਬ ਜੀਆਂ ਦੇ ਚਰਨਾਂ ਵਿੱਚ ਬੇਨਤੀ ਕਰਦੇ ਨੇ ਤਾਂ ਫਿਰ ਆਟਾ ਵੀ ਅੱਗੇ ਆ ਕੇ ਦਸਮੇਸ਼ ਪਿਤਾ ਜੀ ਚਰਨਾਂ ਵਿੱਚ ਬੇਨਤੀਆਂ ਕਰਦਾ ਹੈ:

ਦਸਮੇਸ਼ ਪਿਤਾ ਜੀਓ ਮੈਂ ਕਣਕ ਦਾ ਆਟਾ ਹਾਂ। ਧਰਤੀ ਮਾਤਾ ਦੀ ਕੁੱਖੋਂ ਜਨਮਿਆ ਹਾਂ। ਮੈਨੂੰ ਮਿੱਟੀ ਵਿੱਚ ਦੱਬਿਆ ਗਿਆ, ਧੁੱਪਾਂ, ਧੁੰਦਾਂ, ਝੱਖੜ ਸਹੇ। ਫਿਰ ਜਦ ਦਾਣਾ ਪੱਕਿਆ ਤਾਂ ਮੈਨੂੰ ਖੇਤਾਂ ਵਿੱਚੋਂ ਵੱਢਿਆ ਗਿਆ, ਪੈਰਾਂ ਹੇਠਾਂ ਰੋਲ਼ਿਆ ਗਿਆ। ਦਾਤਾ ਜੀਓ ਜਦੋਂ ਮੈਨੂੰ ਚੱਕੀ ਦੇ ਦੋ ਪੱਥਰਾਂ ਵਿੱਚ ਦੀ ਪੀਸਿਆ ਗਿਆ ਤਾਂ ਮੈਂ ਚੂਰ ਚੂਰ ਤਾਂ ਹੋ ਗਿਆ; ਪਰ ਕੋਈ ਸ਼ਿਕਵਾ ਨਹੀਂ ਕੀਤਾ। ਕਿਉਂਕਿ ਮੇਰੇ ਅੰਦਰ ਅਰਦਾਸ ਇਹੀਓ ਸੀ ਕਿ ਦਸਮੇਸ਼ ਪਿਤਾ ਜੀਓ ਜਿਵੇਂ ਮਰਜ਼ੀ ਹੈ, ਬੱਸ ਮੈਨੂੰ ਦੇਗ ਵਿੱਚ ਥਾਂ ਬਖਸ਼ ਦਿਓ। ਸਾਰਾ ਕਿਛੁ ਸਹਿਕੇ ਵੀ ਮੇਰੇ ਅੰਦਰ ਉਡੀਕ ਸੀ ਕਿ ਕਦੇ ਤਾਂ ਦਸਮੇਸ਼ ਪਿਤਾ ਮੇਰਾ ਸਫਰ ਖਤਮ ਕਰਨਗੇ, ਕਦੇ ਤਾਂ ਮੈਨੂੰ ਅੰਮ੍ਰਿਤ ਸੰਚਾਰ ਵਾਲੀ ਦੇਗ ਵਿੱਚ ਥਾਂ ਬਖਸ਼ਣਗੇ। ਕਦੇ ਵੀ ਤਾਂ ਮੈਨੂੰ ਦਸਮੇਸ਼ ਪਿਤਾ ਪੰਜਾਂ ਪਿਆਰਿਆਂ ਦੇ ਮੁੱਖ ਵਿੱਚ ਜਾਣ ਦਾ ਸੁਭਾਗ ਬਖਸ਼ਣਗੇ।

ਬੱਸ ਇਸੇ ਆਸ-ਉਡੀਕ ਨੇ, ਨਾ ਤਾਂ ਕਦੇ ਚੂਰ ਚੂਰ ਹੋਣ ਦਾ ਸ਼ਿਕਵਾ ਆਉਣ ਦਿੱਤਾ, ਨਾ ਕਦੇ ਅੱਗ ਵਿੱਚ ਸੜਣ ਦੀ ਤਪਸ਼ ਲੱਗਣ ਦਿੱਤੀ। ਦਸਮੇਸ਼ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀਆਂ ਨੇ ਅੱਜ ਤੁਸੀਂ ਮੈਨੂੰ ਆਪਣੇ ਦਰਬਾਰ ਦਾ ਸ਼ਿੰਗਾਰ ਬਣਾ ਹੀ ਲਿਆ, ਚੌਰਾਸੀ ਲੱਖ ਜੂਨ ਭੋਗ ਕੇ, ਹੁਣ ਆਪ ਜੀ ਦੀ ਚਰਨ ਸ਼ਰਨ ਵਿੱਚ ਆਇਆ ਹਾਂ। ਤੁਸੀਂ ਲਾਜ ਰੱਖੀ ਸ਼ੁਕਰਾਨਾ। ਤੁਸੀਂ ਅੰਮ੍ਰਿਤ ਸੰਚਾਰ ਦੀ ਦੇਗ ਅੰਦਰ ਮੈਨੂੰ ਥਾਂ ਬਖਸ਼ੀ, ਦਾਤਾ ਜੀਓ ਬੇਅੰਤ ਸ਼ੁਕਰ ਹੀ ਸ਼ੁਕਰ ਹੈ।

ਦਾਤਾ ਜੀਓ ਇਹ ਆਟਾ ਘਿਓ ਵਿੱਚ ਸੜਣ ਨੂੰ ਤਿਆਰ ਹੈ। ਅੱਗ ਵਿੱਚ ਸੜਕੇ ਦੇਗਾਂ ਲਈ ਆਗਿਆ ਬਖਸ਼ੋ। ਜਨਮਾਂ ਜਨਮਾਂ ਦਾ ਸਫਰ ਸਫਲਾ ਕਰੋ ਜੀ। ਮੈਨੂੰ ਲੰਗਰ ਦਾ ਅੰਗ ਬਣਾ ਲਵੋ। ਦਾਤਾ ਜੀਓ ਤਰਲਾ ਹੈ ਮੈਨੂੰ ਲੰਗਰ ਦਾ ਅੰਗ ਬਣਾ ਲਵੋ ਜੀ। ਦਾਤਾ ਜੀਓ ਮੇਰੇ ਅੰਦਰ

ਤੁਸੀਂ ਤਾਕਤ ਰੂਪੀ, ਬਲ ਰੂਪੀ ਤੱਤ ਵੀ ਭਰਿਆ ਹੋਇਆ ਹੈ। ਤਿਆਰ ਹੋਈ ਦੇਗ ਜਿਹੜਾ ਵੀ ਛਕੇਗਾ, ਓਹਦੇ ਅੰਦਰ ਤੁਸੀਂ ਤਾਕਤ, ਬਲ ਵੀ ਬਖਸ਼ੋਂਗੇ।

-0-

ਘਿਓ ਦੀ ਅਰਦਾਸ:

ਦਾਤਾ ਜੀਓ, ਘਿਓ ਆਪ ਦੀ ਸੇਵਾ ਵਿੱਚ ਹਾਜ਼ਰ ਹੈ। ਸਫਰ ਤਾਂ ਮੇਰਾ ਵੀ ਬੜਾ ਲੰਬਾ ਹੈ। ਪਤਾ ਹੀ ਨਹੀਂ ਕਿਸ ਕਿਸ ਜਨਮ ਵਿੱਚ ਤਿਲ੍ਹਕਿਆ, ਤੇਰੇ ਦਰ ਤੋਂ ਦੂਰ ਗਿਆ। ਭਟਕਿਆ। ਫਿਰ ਤੇਰੇ ਦਰ ਆਇਆ। ਫਿਰ ਭਟਕਿਆ। ਫਿਰ ਤੇਰੇ ਦਰ ਆਇਆ। ਇਹ ਖੇਡ ਪਤਾ ਹੀ ਨਹੀਂ ਕਿੰਨੇ ਕੁ ਜ਼ਨਮ ਚੱਲੀ ਹੈ। ਇਹ ਤਾਂ ਅੱਜ ਪਤਾ ਨਹੀਂ ਤੁਸਾਂ ਦੀ ਨਦਰਿ ਹੇਠ ਕਿਵੇਂ ਆ ਗਏ? ਪਾਤਸ਼ਾਹ ਜੀਓ ਮੇਰੇ ਅੰਦਰ ਤੇਜ ਹੈ। ਜੋਤ ਭਰੀ ਹੋਈ ਹੈ। ਹੁਣ ਇਹ ਮੇਰੀ ਨਾ ਰਹੇ। ਮੇਰਾ ਤਰਲਾ ਹੈ ਮੈਨੂੰ ਦੇਗ ਵਿੱਚ ਪਾ ਕੇ ਪ੍ਰਸਾਦਿ ਬਣਾ ਲਓ ਤਾਂ ਕਿ ਜਿਹੜਾ ਵੀ ਛਕੇ, ਓਸੇ ਅੰਦਰ ਬੁੱਧੀ ਦਾ ਤੇਜ ਅਤੇ ਨਾਮ ਦੀ ਜੋਤ ਆ ਜਾਵੇ।

ਦਾਤਾ ਜੀਓ ਤੁਸਾਂ ਨੇ ਘਿਓ ਅੰਦਰ ਚਿਕਨਾਹਟ ਭਰੀ ਹੈ, ਜਿਹੜੀ ਖੁਸ਼ਕੀ ਦੂਰ ਕਰਦੀ ਹੈ। ਬੇਨਤੀ ਹੈ ਮੈਨੂੰ ਦੇਗ ਬਣਾ ਲਓ ਤਾਂ ਕਿ ਜਿਹੜਾ ਵੀ ਦੇਗ ਛਕੇ, ਓਸੇ ਅੰਦਰ ਸਨੇਹ ਦੀ, ਨਿਮਰਤਾ ਦੀ, ਪ੍ਰੇਮ ਦੀ, ਸੇਵਾ ਭਾਵਨਾ ਦੀ ਚਿਕਨਾਹਟ ਆ ਜਾਵੇ। ਕੋਈ ਖੁਸ਼ਕ ਨਾ ਰਹੇ। ਦਾਤਾ ਜੀਓ ਮੈਂ ਅੱਗ 'ਤੇ ਤਪਣ ਲਈ ਤਿਆਰ ਹਾਂ। ਹੁਣ ਤੁਸੀਂ ਦੇਰੀ ਨਾ ਕਰੋ, ਆਪਣੇ ਸੇਵਕਾਂ ਨੂੰ ਹੁਕਮ ਕਰੋ ਕਿ, ਮੈਨੂੰ ਕੜਾਹੀ ਵਿੱਚ ਅੱਗ 'ਤੇ ਭੁੰਨਣ ਦੀ ਕ੍ਰਿਪਾਲਤਾ ਕਰਨ।

ਤੁਸਾਂ ਦੀ ਨਦਰਿ ਹੇਠ ਮੈਨੂੰ ਸੇਕ ਵੀ ਨਹੀਂ ਲੱਗੇਗਾ, ਦਾਤਾ ਜੀਓ ਤੁਸਾਂ ਦੀ ਮਿੱਠੀ ਨਦਰਿ ਨੇ ਤਾਂ ਮੈਨੂੰ ਅੱਗ ਵਿੱਚ ਤਪਾ ਵੀ ਕੇ ਪੰਜਾਂ ਪਿਆਰਿਆਂ ਸਮੇਤ ਬਾਕੀ ਸੰਗਤ ਦੇ ਮੁੱਖ ਵਿੱਚ ਜਾਣ ਵਾਲਾ ਪ੍ਰਸ਼ਾਦਿ ਬਣਾ ਦੇਣਾ ਹੈ ਜੀ। ਅੱਗ ਨੂੰ ਹੁਕਮ ਕਰੋ, ਤਪਣਾ ਸ਼ੁਰੂ ਹੋਵੇ।

-0-

ਅੱਗ ਦੀ ਅਰਦਾਸ :

ਅੱਗ ਘਿਓ ਦੀਆਂ ਇਹ ਗੱਲਾਂ ਸੁਣਕੇ ਸਾਵਧਾਨ ਹੁੰਦੀ ਹੈ, ਫਿਰ ਅਗਨੀ ਵੀ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਬੇਨਤੀ ਕਰਦੀ ਹੈ ਕਿ:

ਹੇ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਦੇ ਨੂਰ ਦਸਮੇਸ਼ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀਓ, ਮੈਂ ਅੱਗ ਹਾਂ। ਕਈ ਤਾਂ ਮੈਨੂੰ ਅਗਨੀ ਦੇਵਤਾ ਵੀ ਕਹਿੰਦੇ ਨੇ, ਪਰ ਤੇਰੇ ਦਰ ਮੈਂ ਦੇਵਤਾ ਨਹੀਂ ਸੇਵਕ ਬਣਕੇ ਹਾਜ਼ਰ ਹਾਂ। ਮੈਂ ਤਾਂ ਸਾੜਦੀ ਹਾਂ, ਭਸਮ ਕਰਦੀ ਹਾਂ, ਸਾਰੇ ਮੇਰੇ ਤੋਂ ਡਰਦੇ ਨੇ। ਦਸ਼ਮੇਸ਼ ਪਿਤਾ ਜੀਓ ਇਹ ਕੈਸੀ ਖੇਡ ਆ ਬਣੀ, ਅੱਜ ਮੈਂ ਡਰਦੀ ਪਈ ਹਾਂ। ਪਤਾ ਕਿਉਂ??? ਕਿਉਂਕਿ ਅੱਜ ਮੈਂ ਅੰਮ੍ਰਿਤ ਸੰਚਾਰ ਵਾਲੀ ਦੇਗ ਹੇਠਾਂ ਲੱਗਣਾ ਹੈ।

ਇਹ ਦੇਗ ਕੋਈ ਆਮ ਦੇਗ ਨਹੀਂ ਹੈ। ਅੰਮ੍ਰਿਤ ਸੰਚਾਰ ਵਾਲੀ ਦੇਗ ਹੈ। ਇਹ ਗੁਰੂ ਦੀ ਦੇਗ ਹੈ। ਮੇਰੇ 'ਤੇ ਕ੍ਰਿਪਾ ਕਰੋ ਦਾਤਾ ਜੀਓ ਮੈਂ ਆਟਾ ਸਾੜਾਂ ਨਾ, ਦੇਗ ਵਾਸਤੇ ਆਟਾ ਪਕਾ ਸਕਾਂ। ਮੇਰੀ ਲਾਟ ਵਿੱਚ ਹੰਕਾਰ ਨਾ ਹੋਵੇ, ਸੇਵਾ-ਭਾਵਨਾ ਹੋਵੇ। ਅੱਜ ਤੁਸੀਂ ਮੇਰੇ ਅੰਦਰ ਐਨੀ ਕੁ ਤਾਕਤ ਬਖਸ਼ੋ ਕਿ ਮੈਂ ਆਟਾ ਕੱਚਾ ਨਾ ਛੱਡਾਂ, ਪਕਾ ਦੇਵਾਂ। ਤੁਸਾਂ ਦੀ ਨਦਰਿ ਨਾਲ, ਮੇਰੇ ਅੰਦਰੋਂ ਐਸਾ ਤਾਪ ਉਠੇ ਕਿ ਜਲ, ਖੰਡ, ਘਿਓ, ਆਟਾ ਅਤੇ ਅੱਗ, ਪੰਜੇ ਤੱਤ ਰਲਕੇ, ਇੱਕ ਮਹਾਂਪ੍ਰਸ਼ਾਦਿ ਬਣਾ ਸਕਣ ਵਿੱਚ ਸਹਾਈ ਹੋ ਸਕੀਏ ਜੀ।

ਦਾਤਾ ਜੀਓ ਅੰਮ੍ਰਿਤ ਸੰਚਾਰ ਵਾਲੀ ਇਸ ਦੇਗ ਅੰਦਰ ਐਸੀ ਤਾਕਤ ਭਰ ਦੇਣੀ ਕਿ ਜਿਹੜਾ ਵੀ ਛਕੇ, ਓਸੇ ਅੰਦਰੋਂ ਵਿਕਾਰ ਸੜ ਜਾਣ। ਜਿਹੜਾ ਵੀ ਛਕੇ ਓਸੇ ਅੰਦਰ ਨਾਮ ਦੀ ਅਗਨੀ ਭੜਕ ਉਠੇ। ਦਾਤਾ ਜੀਓ ਮੈਨੂੰ ਯੱਗ ਦੀ ਓਹ ਅਗਨੀ ਬਣਾ ਲਵੋ, ਜਿਸ ਵਿੱਚ ਹਾਓਮੈ ਸਮੇਤ ਬਾਕੀ ਸਾਰੇ ਵਿਕਾਰਾਂ ਦੀ ਸੂਖਮ ਤੋਂ ਸੂਖਮ ਸਮੱਗਰੀ ਸੜਕੇ ਸੁਆਹ ਹੋ ਜਾਵੇ। ਦਸਮੇਸ਼ ਪਿਤਾ ਜੀਓ ਮੈਂ ਆਟਾ ਪਕਾਉਣ ਲਈ ਤਿਆਰ ਬਰ ਤਿਆਰ ਹਾਂ। ਆਪਣੇ ਸੇਵਕਾਂ ਨੂੰ ਹੁਕਮ ਕਰੋ ਕਿ ਉਹ ਦੇਗਾਂ ਤਿਆਰ ਕਰਨ ਲਈ ਬਾਣੀ ਪੜ੍ਹਣੀ ਸ਼ੁਰੂ ਕਰਨ। ਜਦੋਂ ਆਪ ਜੀ ਦੇ ਸੇਵਕ

ਵਾਹਿਗੁਰੂ ਵਾਹਿਗੁਰੂ ਸਿਮਰਨ ਕਰਦਿਆਂ ਜਾਂ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਦੇਗ ਸਜਾਉਣਗੇ, ਫਿਰ ਸਾਨੂੰ ਕਿਸੇ ਨੂੰ ਵੀ ਸੇਕ ਨਹੀਂ ਲੱਗੇਗਾ। ਦਾਤਾ ਜੀਓ ਅਸਲੀ ਖੇਡ ਤਾਂ ਨਾਮ ਦੀ ਹੈ, ਗੁਰਬਾਣੀ ਦੀ ਹੈ। ਗੁਰਬਾਣੀ ਦੀ ਖੇਡ ਨੇ ਅੱਜ ਤੱਕ ਨਾ ਕਿਸੇ ਨੂੰ ਸੇਕ ਲੱਗਣ ਦਿੱਤਾ ਹੈ ਅਤੇ ਜਿੰਨੀ ਦੇਰ ਗੁਰਬਾਣੀ ਹੈ, ਨਾ ਕਿਸੇ ਨੂੰ ਕਿਸੇ ਦੁੱਖ-ਤਕਲੀਫ ਵਿੱਚ ਸੇਕ ਲੱਗੇਗਾ।

ਗੁਰਮੁਖੋ ਜਦੋਂ ਜਲ, ਖੰਡ, ਘਿਓ, ਆਟਾ ਅਤੇ ਅੱਗ ਰਲਕੇ ਦਸਮੇਸ਼ ਪਿਤਾ ਜੀ ਪਾਸ ਅਰਦਾਸ ਬੇਨਤੀ ਕਰਦੇ ਨੇ ਤਾਂ ਦੇਗ ਹੀ ਨਹੀਂ ਬਲਕਿ ਸਚਖੰਡ ਦਾ ਦਰਗਾਹੀ ਪ੍ਰਸ਼ਾਦਿ ਬਣ ਜਾਂਦਾ ਹੈ। ਵੇਖੋ ਕਿੰਨਾ ਕਮਾਲ ਹੁੰਦਾ ਹੈ: ਜਲ: ਅੰਮ੍ਰਿਤ ਦੀ ਨੀਂਹ। ਖੰਡ: ਨਾਮ ਦੀ ਮਿਠਾਸ। ਆਟਾ: ਸੇਵਾ ਦੀ ਤਾਕਤ। ਘਿਓ: ਗਿਆਨ ਦਾ ਤੇਜ। ਅੱਗ: ਤਪੱਸਿਆ ਦੀ ਜਦੋਂ ਲਾਟ ਹੋ ਜਾਂਦੀ ਹੈ... ਤਾਂ ਸਜਦਾ ਹੈ ਖਾਲਸਾ। ਜੀ ਹਾਂ... ਜਦੋਂ ਇੱਕ ਸਰੀਰ... ਕਈ ਕਈ ਜਨਮ ਅੱਗ ਵਿੱਚ ਤਪਕੇ... ਸੜਕੇ... ਸਿੱਖ ਧਰਮ ਵਿੱਚ ਜਨਮ ਲੈ ਕੇ... ਅੰਮ੍ਰਿਤ ਸੰਚਾਰ ਵਿੱਚ ਪਹੁੰਚ ਜਾਂਦਾ ਹੈ... ਤਾਂ ਸਜਦਾ ਹੈ ਖਾਲਸਾ। ਜਦੋਂ ਖਾਲਸਾ ਸਜ ਜਾਂਦਾ ਹੈ ਤਾਂ, ਆਸੇ ਪਾਸੇ ਅੰਦਰੋਂ ਇੱਕੋ ਬੋਲ ਸੁਣਾਈ ਦਿੰਦਾ ਹੈ: ਬੋਲੇ ਸੋ ਨਿਹਾਲ। ਸਤਿ ਸ੍ਰੀ ਅਕਾਲ। ਬੋਲੇ ਸੋ ਨਿਹਾਲ। ਸਤਿ ਸ੍ਰੀ ਅਕਾਲ।

ਪਿਆਰਿਓ ਤੁਸੀਂ ਖਾਲਸਾ ਹੋ। ਤੁਸੀਂ ਵੀ ਜਨਮਾਂ ਜਨਮਾਂ ਦਾ ਸਫਰ ਕਰਕੇ ਸਤਿਗੁਰਾਂ ਦੀ ਚਰਨ-ਸ਼ਰਨ ਵਿੱਚ ਆਏ। ਤੁਸੀਂ ਜਾਣਦੇ ਹੀ ਨਹੀਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀਆਂ ਨੇ ਤੁਸਾਂ ਦੇ ਕਿੰਨੇ ਕੁ ਜਨਮਾਂ ਦੇ ਪਾਪ ਖਤਮ ਕੀਤੇ ਨੇ, ਤਾਂ ਤੁਸਾਂ ਨੂੰ ਸੰਗਤ ਮਿਲੀ, ਗੁਰਸਿੱਖ ਪਰਿਵਾਰਾਂ ਵਿੱਚ ਜਨਮ ਮਿਲਿਆ। ਤੁਸੀਂ ਐਨੀਆਂ ਵੱਡੀਆਂ ਦਾਤਾਂ ਲੈ ਕੇ, ਐਨੇ ਜਨਮ ਅੱਗ ਵਿੱਚ ਸੜਕੇ, ਸਮੁੰਦਰਾਂ ਵਿੱਚ ਡੁੱਬਕੇ, ਬੱਦਲਾਂ ਵਿੱਚ ਉਡਕੇ, ਧਰਤੀ ਵਿੱਚ ਸੜਕੇ ਦਸਮੇਸ਼ ਪਿਤਾ ਜੀ ਦੀ ਦਾਤ ਦੇ ਹੱਕਦਾਰ ਬਣੇ ਹੋ, ਕਿਉਂ ਆਪਣੇ ਆਪ ਨੂੰ ਪਛਾਣਦੇ ਨਹੀ? ਸੰਸਾਰ ਐਨਾ ਵੱਡਾ ਹੈ, ਪਰ ਪੰਜ ਪਿਆਰਿਆਂ ਦੇ ਦਰਸ਼ਨਾਂ ਦੇ ਹੱਕਦਾਰ ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਨੇ ਸਿਰਫ ਤੁਹਾਡੀਆਂ ਅੱਖਾਂ ਨੂੰ ਬਣਾਇਆ ਹੈ, ਇਸ ਦੀ ਕਦਰ ਕਿਉਂ ਨਹੀਂ ਕਰਦੇ। ਐਨੀ ਵੱਡੀ ਸ੍ਰਿਸ਼ਟੀ ਵਿੱਚ ਸਿਰਫ ਤੇ ਸਿਰਫ ਤੁਸਾਂ ਦੇ ਹਿੱਸੇ ਪਾਤਸ਼ਾਹ ਜੀ ਨੇ ਅੰਮ੍ਰਿਤ ਵੇਲਿਆ ਲਿਖਿਆ, ਤੁਸੀਂ ਕਿਉਂ

ਸੌਂਦੇ ਹੋ, ਦੱਸੋ ਤੁਸੀਂ ਅੰਮ੍ਰਿਤ ਵੇਲੇ ਕਿਉਂ ਸੌਂਦੇ ਹੋ? ਪਾਤਸ਼ਾਹ ਜੀ ਪੁੱਛਦੇ ਪਏ ਨੇ ਪਿਆਰਿਓ ਦੱਸੋ ਕਿਉਂ ਸੌਂਦੇ ਹੋ ਅੰਮ੍ਰਿਤ ਵੇਲੇ???

ਪਤਾ ਨਹੀਂ ਕਿੰਨੀਆਂ ਕੁ ਜੂਨਾਂ ਤੜਫਦੀਆਂ ਨੇ, ਤਰਸਦੀਆਂ ਨੇ, ਗੁਰਬਾਣੀ ਪੜ੍ਹਣ ਸੁਣਨ ਨੂੰ, ਦਸਮੇਸ਼ ਪਿਤਾ ਜੀ ਨੇ ਤੁਸਾਂ ਨੂੰ ਇਹ ਮੌਕਾ ਬਖਸ਼ਿਆ ਹੈ ਗੁਰਬਾਣੀ ਪੜ੍ਹਣ ਸੁਨਣ ਦਾ, ਦੱਸੋ ਆਲਸ ਕਿਉਂ ਕਰਦੇ ਹੋ? ਪਿਆਰੇ ਜੀ ਦੱਸੋ ਤਾਂ ਸਹੀ ਕਿਉਂ ਆਲਸ ਕਰਦੇ ਹੋ? ਕਦੇ ਨਹੀਂ ਤੁਹਾਨੂੰ ਲੱਗਾ ਦਸਮੇਸ਼ ਪਿਤਾ ਜੀ ਹਰ ਰੋਜ਼ ਤੁਸਾਂ ਦੀ ਉਡੀਕ ਕਰਦੇ ਨੇ, ਬਾਣੀ ਸੁਣਨ ਲਈ, ਦੱਸੋ ਤਾਂ ਸਹੀ ਤੁਸੀਂ ਐਨੇ ਢੀਠ ਕਿਉਂ ਹੋ ਗਏ? ਮਿਲਾਓ ਨਿਗ੍ਹਾ ਤਾਂ ਮਿਲਾਓ ਪਿਆਰੇ ਜੀ, ਔਹੁ ਵੇਖੋ ਪਾਤਸ਼ਾਹ ਪੁੱਛਦੇ ਪਏ ਨੇ, ਮੈਂ ਆਪਣਾ ਆਪ ਵਾਰਕੇ ਤੁਸਾਂ ਨੂੰ ਬਾਣੀ ਪੜ੍ਹਣ ਸੁਣਨ ਦੇ ਕਾਬਿਲ ਬਣਾਇਆ, ਦੱਸੋ ਫਿਰ ਵੀ ਆਲਸ ਕਿਉਂ ਕਰਦੇ ਹੋ?

ਆਟਾ, ਘਿਓ, ਖੰਡ, ਪਤਾਸੇ ਜਲ, ਆਪਣਾ ਆਪ ਵਾਰਕੇ ਦਸਮੇਸ਼ ਪਿਤਾ ਜੀ ਪਾਸ ਤਰਲੇ ਪਾਉਂਦੇ ਨੇ। ਇਹਨਾਂ ਦੇ ਕਿਹੜਾ ਕੋਈ ਜ਼ੁਬਾਨ ਲੱਗੀ ਹੈ, ਪਰ ਫਿਰ ਵੀ ਵੇਖੋ ਤਾਂ ਸਹੀ ਕਿਵੇਂ ਇਹ ਤਰਲੇ ਪਾਉਂਦੇ ਨੇ। ਤੁਸਾਂ ਨੂੰ ਤਾਂ ਸਾਰੀ ਸੋਝੀ ਹੈ, ਸਾਰਾ ਪਤਾ ਹੈ, ਫਿਰ ਵੀ ਆਲਸ ਕਿਉਂ ਕਰਦੇ ਹੋ ਤੜਕੇ ਉਠਣ ਵਿੱਚ, ਬਾਣੀ ਪੜ੍ਹਣ ਵਿੱਚ, ਸੇਵਾ ਕਰਨ ਨੂੰ ਭੱਜਦੇ ਕਿਉਂ ਹੋ? ਦੱਸੋ ਤਾਂ ਸਹੀ ਪਿਆਰਿਓ ਕਿਉਂ ਭੱਜਦੇ ਹੋ ਦਸਮੇਸ਼ ਪਿਤਾ ਜੀ ਦੀ ਸੇਵਾ ਤੋਂ? ਆਹ ਵੇਖੋ ਤਾਂ ਸਾਰੀ ਸ੍ਰਿਸ਼ਟੀ ਖਾਲਸੇ ਲਈ ਅਰਦਾਸ ਕੀ ਕਰਦੀ ਹੈ:

ਆਓ ਅਰਦਾਸ ਕਰੀਏ: ਦਾਤਾ ਜੀਓ ਜਿਵੇਂ ਇਹ ਪੰਜੇ ਤੱਤ ਮਿਲਕੇ ਅੰਮ੍ਰਿਤ ਸੰਚਾਰ ਵਾਸਤੇ ਅੰਮ੍ਰਿਤਮਈ ਦੇਗਾਂ ਵਿੱਚ ਆ ਕੇ ਨਿਹਾਲ ਨਿਹਾਲ ਹੋ ਜਾਂਦੇ ਨੇ। ਇਹਨਾਂ ਦੇ ਜਨਮਾਂ ਜਨਮਾਂ ਦਾ ਸਫਰ ਪੂਰਾ ਹੋ ਜਾਂਦਾ ਹੈ। ਤਿਵੇਂ ਹੀ ਹੁਣ ਸਾਡੀ ਜਲ, ਖੰਡ, ਆਟਾ, ਘਿਓ ਅਤੇ ਅੱਗ ਦੀ ਵੀ ਅਰਦਾਸ ਹੈ ਕਿ: ਖਾਲਸਾ ਪੰਥ ਦੇ ਸਾਰੇ ਖਾਲਸੇ ਇੱਕ ਹੋ ਜਾਣ। ਸਾਰੇ ਇੱਕ ਦੂਜੇ ਦੀਆਂ ਭੁੱਲਾਂ ਭੁਲਾਕੇ ਇੱਕ ਹੋ ਜਾਣ। ਦਾਤਾ ਜੀਓ ਤੁਸੀਂ ਸਮਰੱਥ ਹੋ, ਜਿਵੇਂ ਅੰਮ੍ਰਿਤ ਸੰਚਾਰ ਵਿੱਚ

ਖਾਲਸੇ ਸਜਾਉਂਦੇ ਹੋ, ਹੁਣ ਉਵੇਂ ਹੀ ਮਹਾਨ, ਖਾਲਸਾ ਪੰਥ ਰੂਪੀ ਮਹਾਂ ਪ੍ਰਸਾਦਿ ਵੀ ਸਜਾ ਦਿਓ ਜੀ।

ਪਿਆਰਿਓ ਧੰਨ ਹੈ ਅਕਾਲ ਪੁਰਖ ਵਾਹਿਗੁਰੂ।

ਧੰਨ ਨੇ ਦਸਮੇਸ਼ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ।

ਧੰਨ ਹੈ ਅੰਮ੍ਰਿਤ ਸੰਚਾਰ। ਧੰਨ ਨੇ ਪੰਜ ਪਿਆਰੇ।

ਧੰਨ ਉਹ ਅਭਿਲਾਖੀ, ਜਿਹੜੇ ਅੰਮ੍ਰਿਤ ਦੀ ਦਾਤ ਲੈ ਕੇ ਕਮਾਈਆਂ ਕਰ-ਕਰ ਦਸਮੇਸ਼ ਪਿਤਾ ਜੀ ਦਾ ਪਲ ਪਲ ਸ਼ੁਕਰਾਨਾ ਪਏ ਕਰਦੇ ਨੇ। ਧੰਨ ਉਹ ਅਭਿਲਾਖੀ ਜਿਹੜੇ ਅੰਮ੍ਰਿਤ ਛਕਣ ਲਈ ਸਤਿਗੁਰਾਂ ਦੇ ਹਜ਼ੂਰ ਜਾਣ ਲਈ ਤਿਆਰ ਹੋ ਚੁੱਕੇ ਨੇ। ਧੰਨ ਉਹ ਅਭਿਲਾਖੀ, ਜਿਹੜੇ ਅੰਮ੍ਰਿਤ ਛਕਣ ਲਈ ਜਨਮ ਲੈ ਚੁੱਕੇ ਨੇ। ਧੰਨ ਨੇ ਉਹ ਅਭਿਲਾਖੀ, ਜਿਹੜੇ ਪਤਾ ਨਹੀਂ ਕਿੱਥੇ ਕਿੱਥੇ ਕਿਹੜੀ ਕਿਹੜੀ ਜੂਨ ਵਿੱਚ ਮਨੁੱਖਾ ਜਨਮ ਵਿੱਚ ਅੰਮ੍ਰਿਤ ਦੀ ਦਾਤ ਲਈ ਦਸਮੇਸ਼ ਪਿਤਾ ਜੀ ਦੇ ਚਰਨਾਂ ਵਿੱਚ ਤਰਲੇ ਪਾ ਰਹੇ ਨੇ। ਸਾਰੇ ਹੀ ਧੰਨ। ਸਾਰੇ ਹੀ ਧੰਨ।

ਧੰਨ ਹੈ ਜਲ। ਧੰਨ ਹੈ ਖੰਡ। ਧੰਨ ਹੈ ਆਟਾ। ਧੰਨ ਹੈ ਘਿਓ। ਧੰਨ ਹੈ ਅੱਗ। ਜਿਹੜੇ ਰਲਕੇ, ਆਪਣੇ ਆਪ ਨੂੰ ਤਪਾ ਕੇ ਆਪਾਂ ਨੂੰ ਸੀਤਲ ਪ੍ਰਸ਼ਾਦਿ ਬਖਸ਼ਦੇ ਨੇ।